Vaccinate WA

# ਉਹਨਾਂ ਲੋਕਾਂ ਲਈ COVID-19 ਵੈਕਸੀਨ ਰੈਫਰੈਂਸ ਗਾਈਡ ਜਿਹਨਾਂ ਦੀ ਇਮਿਊਨੀਟੀ ਕਮਜ਼ੋਰ ਹੈ

ਜਿਹਨਾਂ ਲੋਕਾਂ ਦੀ ਇਮਿਊਨੀਟੀ ਕਮਜ਼ੋਰ ਹੁੰਦੀ ਹੈ, ਉਹਨਾਂ ਨੂੰ COVID-19 ਸਮੇਤ ਹੋਰ ਕਈ ਕਿਸਮ ਦੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵੀ ਜ਼ਿਆਦਾ ਹੁੰਦਾ ਹੈ। ***ਜੇਕਰ ਤੁਹਾਡੀ ਮੈਡੀਕਲ ਸਥਿਤੀ ਹੇਠ ਲਿਖੀਆਂ ਵਿੱਚੋਂ ਕੋਈ ਹੈ ਤਾਂ ਤੁਹਾਡੀ ਇਮਿਊਨਿਟੀ ਨੂੰ ਦਰਮਿਆਨੇ ਤੋਂ ਗੰਭੀਰ ਰੂਪ ਵਿੱਚ ਕਮਜ਼ੋਰ ਮੰਨਿਆ ਜਾਂਦਾ ਹੈ ਅਤੇ COVID-19 ਵੈਕਸੀਨ ਦੀ ਇੱਕ ਵਾਧੂ ਖੁਰਾਕ ਤੁਹਾਡੇ ਲਈ ਫਾਇਦੇਮੰਦ ਹੋ ਸਕਦੀ ਹੈ।*** **ਇਸ ਵਿੱਚ ਉਹ ਲੋਕ ਸ਼ਾਮਲ ਹਨ:**

- ਜਿਹਨਾਂ ਦਾ ਟਿਊਮਰ ਜਾਂ ਬਲੱਡ ਕੈਂਸਰ ਲਈ ਇਲਾਜ ਚੱਲ ਰਿਹਾ ਹੈ
- ਜਿਹਨਾਂ ਨੇ ਆਪਣੇ ਕਿਸੇ ਅੰਗ ਦਾ ਟ੍ਰਾਂਸਪਲਾਂਟ ਕਰਵਾਇਆ ਹੈ ਅਤੇ ਇਮਿਊਨ ਸਿਸਟਮ ਦੀ ਸ਼ਕਤੀ ਨੂੰ ਘਟਾਉਣ ਲਈ ਦਵਾਈ ਲੈ ਰਹੇ ਹਨ
- ਜਿਹਨਾਂ ਨੇ ਪਿਛਲੇ 2 ਸਾਲਾਂ ਦੇ ਅੰਦਰ ਸਟੈਮ ਸੈਲ ਟ੍ਰਾਂਸਪਲਾਂਟ ਕਰਵਾਇਆ ਹੈ ਜਾਂ ਇਮਿਊਨ ਸਿਸਟਮ ਦੀ ਸ਼ਕਤੀ ਨੂੰ ਘਟਾਉਣ ਲਈ ਦਵਾਈ ਲੈ ਰਹੇ ਹਨ
- ਜਿਹਨਾਂ ਵਿੱਚ ਦਰਮਿਆਨੀ ਜਾਂ ਗੰਭੀਰ ਪ੍ਰਾਇਮਰੀ ਇਮਯੂਨੋਡਫੀਸ਼ੈਂਸੀ (ਜਿਵੇਂ ਕਿ DiGeorge ਸਿੰਡਰੋਮ, Wiskott-Aldrich ਸਿੰਡਰੋਮ) ਹੈ
- ਜਿਹਨਾਂ ਨੂੰ ਐਡਵਾਂਸਡ ਜਾਂ ਇਲਾਜ ਨਾ ਕੀਤੀ HIV ਦੀ ਬਿਮਾਰੀ ਹੈ
- ਜੋ ਲੋਕ ਉੱਚ-ਖੁਰਾਕ ਵਾਲੇ ਕੋਰਟੀਕੋਸਟੀਰੋਇਡਸ ਜਾਂ ਹੋਰ ਦਵਾਈਆਂ ਦੇ ਨਾਲ ਇਲਾਜ ਪ੍ਰਾਪਤ ਕਰ ਰਹੇ ਹਨ ਜਿਸ ਕਾਰਨ ਸਰੀਰ ਦੀ ਰੋਗ ਪ੍ਰਤੀਰੋਧਕ ਸ਼ਕਤੀ ਘੱਟ ਸਕਦੀ ਹੈ

ਇਸ ਸੂਚੀ ਵਿੱਚ ਕਮਜ਼ੋਰ ਇਮਿਊਨੀਟੀ ਵਾਲੀਆਂ ਸਾਰੀਆਂ ਅਵਸਥਾਵਾਂ ਸ਼ਾਮਲ ਨਹੀਂ ਹਨ, ਕਿਰਪਾ ਕਰਕੇ ਇਹ ਤੈਅ ਕਰਨ ਲਈ ਆਪਣੇ ਡਾਕਟਰ ਨਾਲ ਗੱਲ ਕਰੋ ਕਿ ਕੀ ਵਾਧੂ ਖੁਰਾਕਾਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ। ਜੇ ਤੁਹਾਡੀ ਇਮਿਊਨੀਟੀ ਕਮਜ਼ੋਰ ਹੈ, ਤਾਂ ਹੇਠਾਂ ਦਿੱਤੇ ਚਾਰਟ ਤੋਂ ਜਾਣੋ ਕਿ COVID-19 ਤੋਂ ਸੁਰੱਖਿਅਤ ਰਹਿਣ ਲਈ ਤੁਸੀਂ ਕਿੰਨੀਆਂ ਖੁਰਾਕਾਂ ਪ੍ਰਾਪਤ ਕਰਨ ਲਈ ਯੋਗ ਹੋ:

| *ਜੇ ਤੁਸੀਂ ਇਹ ਵੈਕਸੀਨ ਲਗਵਾਈ ਹੈ...* | **ਉਮਰ ਸਮੂਹ** | **ਪ੍ਰਾਇਮਰੀ ਸੀਰੀਜ਼** | **ਕੀ ਮੈਨੂੰ ਇੱਕ ਵਾਧੂ ਮੋਨੋਵੈਲੈਂਟ ਖੁਰਾਕ ਲਗਵਾਉਣੀ ਚਾਹੀਦੀ ਹੈ?** | **ਕੀ ਮੈਨੂੰ ਬੂਸਟਰ ਖੁਰਾਕ ਮਿਲ ਸਕਦੀ ਹੈ?** |
|---|---|---|---|---|
| *Moderna* | 6 ਮਹੀਨਿਆਂ ਤੋਂ ਲੈਕੇ 4 ਸਾਲ ਦੀ ਉਮਰ ਤੱਕ | 2 ਖੁਰਾਕਾਂ 28 ਦਿਨਾਂ ਦੇ ਅੰਤਰਾਲ ਵਿੱਚ ਦਿੱਤੀਆਂ ਜਾਂਦੀਆਂ ਹਨ | ਹਾਂ, ਤੁਹਾਨੂੰ ਤੁਹਾਡੀ ਦੂਜੀ ਖੁਰਾਕ ਤੋਂ 28 ਦਿਨਾਂ ਬਾਅਦ ਇੱਕ ਵਾਧੂ ਖੁਰਾਕ ਲੱਗਣੀ ਚਾਹੀਦੀ ਹੈ। | ਹਾਂ, 6 ਮਹੀਨੇ - 4 ਸਾਲ ਦੀ ਉਮਰ ਦੇ ਬੱਚਿਆਂ ਨੂੰ ਉਸੇ ਬ੍ਰਾਂਡ ਦੀ ਨਵੀਨਤਮ ਬਾਇਵੈਲੈਂਟ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ ਜਿਸ ਬ੍ਰਾਂਡ ਦੀ ਉਹਨਾਂ ਨੇ ਪ੍ਰਾਇਮਰੀ ਸੀਰੀਜ਼ ਪ੍ਰਾਪਤ ਕੀਤੀ ਸੀ |
| | 5 ਸਾਲ ਦੀ ਉਮਰ | 2 ਖੁਰਾਕਾਂ 28 ਦਿਨਾਂ ਦੇ ਅੰਤਰਾਲ ਵਿੱਚ ਦਿੱਤੀਆਂ ਜਾਂਦੀਆਂ ਹਨ | ਹਾਂ, ਤੁਹਾਨੂੰ ਤੁਹਾਡੀ ਦੂਜੀ ਖੁਰਾਕ ਤੋਂ 28 ਦਿਨਾਂ ਬਾਅਦ ਇੱਕ ਵਾਧੂ ਖੁਰਾਕ ਲੱਗਣੀ ਚਾਹੀਦੀ ਹੈ। | ਹਾਂ, 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ Pfizer ਜਾਂ Moderna ਦੀ ਨਵੀਨਤਮ ਬਾਇਵੈਲੈਂਟ ਬੂਸਟਰ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ |
| | 6+ ਸਾਲ ਦੀ ਉਮਰ | 2 ਖੁਰਾਕਾਂ 28 ਦਿਨਾਂ ਦੇ ਅੰਤਰਾਲ ਵਿੱਚ ਦਿੱਤੀਆਂ ਜਾਂਦੀਆਂ ਹਨ | ਹਾਂ, ਤੁਹਾਨੂੰ ਤੁਹਾਡੀ ਦੂਜੀ ਖੁਰਾਕ ਤੋਂ 28 ਦਿਨਾਂ ਬਾਅਦ ਇੱਕ ਵਾਧੂ ਖੁਰਾਕ ਲੱਗਣੀ ਚਾਹੀਦੀ ਹੈ। | ਹਾਂ, 6 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਅੱਪ-ਟੂ-ਡੇਟ ਰਹਿਣ ਲਈ ਆਖਰੀ ਖੁਰਾਕ ਤੋਂ 2 ਮਹੀਨਿਆਂ ਬਾਅਦ ਇੱਕ ਨਵੀਨਤਮ ਬਾਇਵੈਲੇਂਟ Pfzier ਜਾਂ Moderna mRNA ਬੂਸਟਰ ਖੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।<br>18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਿਛਲਾ ਬੂਸਟਰ ਪ੍ਰਾਪਤ ਨਹੀਂ ਕੀਤਾ ਹੈ, ਉਹ ਵੀ ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਤੋਂ 6 ਮਹੀਨਿਆਂ ਬਾਅਦ ਇੱਕ Novavax ਬੂਸਟਰ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਜੇਕਰ ਉਹ ਅੱਪਡੇਟ ਕੀਤੇ mRNA ਬੂਸਟਰ ਪ੍ਰਾਪਤ ਨਹੀਂ ਕਰ ਸਕਦੇ ਜਾਂ ਨਹੀਂ ਕਰਨਗੇ। |
| *Pfizer* | 6 ਮਹੀਨਿਆਂ ਤੋਂ ਲੈਕੇ 4 ਸਾਲ ਦੀ ਉਮਰ ਤੱਕ | **ਤਿੰਨ ਖੁਰਾਕਾਂ:** ਪਹਿਲੀਆਂ ਦੋ ਖੁਰਾਕਾਂ 21 ਦਿਨਾਂ ਦੇ ਅੰਤਰਾਲ ਵਿੱਚ ਅਤੇ ਤੀਜੀ ਖੁਰਾਕ ਦੂਜੀ ਖੁਰਾਕ ਤੋਂ 8 ਹਫ਼ਤਿਆਂ ਬਾਅਦ ਦਿੱਤੀ ਜਾਂਦੀ ਹੈ। | ਇਸ ਸਮੇਂ ਕੋਈ ਵਾਧੂ ਪ੍ਰਾਇਮਰੀ ਖੁਰਾਕ ਨਹੀਂ ਲਗਵਾਉਣੀ ਹੈ। | ਨਹੀਂ, 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਲਈ ਇੱਕ ਨਵੀਨਤਮ ਬਾਇਵੈਲੈਂਟ ਖੁਰਾਕ ਮਾਨਤਾ ਪ੍ਰਾਪਤ ਨਹੀਂ ਹੈ ਜੋ ਹੁਣ ਤੱਕ ਪਹਿਲਾਂ ਹੀ Pfizer ਪ੍ਰਾਇਮਰੀ ਸੀਰੀਜ਼ ਪ੍ਰਾਪਤ ਕਰ ਚੁੱਕੇ ਹਨ। |
| | 5 ਸਾਲ ਦੀ ਉਮਰ | ਦੋ ਖੁਰਾਕਾਂ 21 ਦਿਨਾਂ ਦੇ ਅੰਤਰਾਲ ਨਾਲ ਦਿੱਤੀਆਂ ਜਾਂਦੀਆਂ ਹਨ | ਹਾਂ, ਤੁਹਾਨੂੰ ਤੁਹਾਡੀ ਦੂਜੀ ਖੁਰਾਕ ਤੋਂ 28 ਦਿਨਾਂ ਬਾਅਦ ਇੱਕ ਵਾਧੂ ਖੁਰਾਕ ਲੱਗਣੀ ਚਾਹੀਦੀ ਹੈ। | ਹਾਂ, 5 ਸਾਲ ਦੇ ਬੱਚੇ ਜਿਹਨਾਂ ਨੇ Pfizer ਵੈਕਸੀਨ ਪ੍ਰਾਪਤ ਕੀਤੀ ਹੈ ਉਹ ਸਿਰਫ਼ ਨਵੀਨਤਮ Pfizer ਬਾਇਵੈਲੈਂਟ ਬੂਸਟਰ ਪ੍ਰਾਪਤ ਕਰ ਸਕਦੇ ਹਨ। |
| | 6+ ਸਾਲ ਦੀ ਉਮਰ | ਦੋ ਖੁਰਾਕਾਂ 21 ਦਿਨਾਂ ਦੇ ਅੰਤਰਾਲ ਨਾਲ ਦਿੱਤੀਆਂ ਜਾਂਦੀਆਂ ਹਨ | ਹਾਂ, ਤੁਹਾਨੂੰ ਤੁਹਾਡੀ ਦੂਜੀ ਖੁਰਾਕ ਤੋਂ 28 ਦਿਨਾਂ ਬਾਅਦ ਇੱਕ ਵਾਧੂ ਖੁਰਾਕ ਲੱਗਣੀ ਚਾਹੀਦੀ ਹੈ। | ਹਾਂ, 6 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਅੱਪ-ਟੂ-ਡੇਟ ਰਹਿਣ ਲਈ ਆਖਰੀ ਖੁਰਾਕ ਤੋਂ 2 ਮਹੀਨਿਆਂ ਬਾਅਦ ਇੱਕ ਨਵੀਨਤਮ ਬਾਇਵੈਲੇਂਟ Pfzier ਜਾਂ Moderna mRNA ਬੂਸਟਰ ਖੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।<br>18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਿਛਲਾ ਬੂਸਟਰ ਪ੍ਰਾਪਤ ਨਹੀਂ ਕੀਤਾ ਹੈ, ਉਹ ਵੀ ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਤੋਂ 6 ਮਹੀਨਿਆਂ ਬਾਅਦ ਇੱਕ Novavax ਬੂਸਟਰ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਜੇਕਰ ਉਹ ਅੱਪਡੇਟ ਕੀਤੇ mRNA ਬੂਸਟਰ ਪ੍ਰਾਪਤ ਨਹੀਂ ਕਰ ਸਕਦੇ ਜਾਂ ਨਹੀਂ ਕਰਨਗੇ। |
| *Johnson & Johnson* | 18+ ਸਾਲ ਦੀ ਉਮਰ | ਇੱਕ ਖੁਰਾਕ | ਹਾਂ, ਤੁਹਾਨੂੰ J&J ਦੀ ਪਹਿਲੀ ਖੁਰਾਕ ਲੱਗਣ ਦੇ 28 ਦਿਨਾਂ ਬਾਅਦ mRNA ਵੈਕਸੀਨ ਦੀ ਇੱਕ ਵਾਧੂ ਖੁਰਾਕ ਲਗਵਾਉਣੀ ਚਾਹੀਦੀ ਹੈ। | ਹਾਂ, ਅੱਪ-ਟੂ-ਡੇਟ ਰਹਿਣ ਲਈ ਆਖਰੀ ਖੁਰਾਕ ਤੋਂ 2 ਮਹੀਨਿਆਂ ਬਾਅਦ ਇੱਕ ਨਵੀਨਤਮ ਬਾਇਵੈਲੇਂਟ Pfzier mRNA ਬੂਸਟਰ ਖੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।<br>18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਿਛਲਾ ਬੂਸਟਰ ਪ੍ਰਾਪਤ ਨਹੀਂ ਕੀਤਾ ਹੈ, ਉਹ ਵੀ ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਤੋਂ 6 ਮਹੀਨਿਆਂ ਬਾਅਦ ਇੱਕ Novavax ਬੂਸਟਰ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਜੇਕਰ ਉਹ ਅੱਪਡੇਟ ਕੀਤੇ mRNA ਬੂਸਟਰ ਪ੍ਰਾਪਤ ਨਹੀਂ ਕਰ ਸਕਦੇ ਜਾਂ ਨਹੀਂ ਕਰਨਗੇ। |
| *Novavax* | 12+ ਸਾਲ ਦੀ ਉਮਰ | ਦੋ ਖੁਰਾਕਾਂ 21 ਦਿਨਾਂ ਦੇ ਅੰਤਰਾਲ ਨਾਲ ਦਿੱਤੀਆਂ ਜਾਂਦੀਆਂ ਹਨ | ਇਸ ਸਮੇਂ ਕੋਈ ਵਾਧੂ ਪ੍ਰਾਇਮਰੀ ਖੁਰਾਕ ਨਹੀਂ ਲਗਵਾਉਣੀ ਹੈ। | ਹਾਂ, 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਅੱਪ-ਟੂ-ਡੇਟ ਰਹਿਣ ਲਈ ਆਖਰੀ ਖੁਰਾਕ ਤੋਂ 2 ਮਹੀਨਿਆਂ ਬਾਅਦ ਇੱਕ ਨਵੀਨਤਮ ਬਾਇਵੈਲੇਂਟ Pfzier ਜਾਂ Moderna mRNA ਬੂਸਟਰ ਖੁਰਾਕ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।<br>18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਜਿਹਨਾਂ ਨੇ ਪਿਛਲਾ ਬੂਸਟਰ ਪ੍ਰਾਪਤ ਨਹੀਂ ਕੀਤਾ ਹੈ, ਉਹ ਵੀ ਆਪਣੀ ਪ੍ਰਾਇਮਰੀ ਸੀਰੀਜ਼ ਨੂੰ ਪੂਰਾ ਕਰਨ ਤੋਂ 6 ਮਹੀਨਿਆਂ ਬਾਅਦ ਇੱਕ Novavax ਬੂਸਟਰ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਜੇਕਰ ਉਹ ਅੱਪਡੇਟ ਕੀਤੇ mRNA ਬੂਸਟਰ ਪ੍ਰਾਪਤ ਨਹੀਂ ਕਰ ਸਕਦੇ ਜਾਂ ਨਹੀਂ ਕਰਨਗੇ। |

# ਅਕਸਰ ਪੁੱਛੇ ਜਾਣ ਵਾਲੇ ਸਵਾਲ

### ਵਾਧੂ ਵੈਕਸੀਨ ਖੁਰਾਕ ਅਤੇ ਬੂਸਟਰ ਵੈਕਸੀਨ ਦੀ ਖੁਰਾਕ ਵਿੱਚ ਕੀ ਅੰਤਰ ਹੈ?

ਇੱਕ ਵਾਧੂ ਖੁਰਾਕ ਕੁਝ ਮਰੀਜ਼ਾਂ ਲਈ ਹੈ (ਉਪਰ ਦਿੱਤੇ ਗਏ ਟੇਬਲ ਵਿੱਚ ਦੇਖੋ) ਜਿਨ੍ਹਾਂ ਨੇ ਪ੍ਰਾਇਮਰੀ ਵੈਕਸੀਨ ਸੀਰੀਜ਼ ਪੂਰੀ ਪ੍ਰਾਪਤ ਕਰ ਲਈ ਹੈ ਪਰ ਉਹਨਾਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਜ਼ਿਆਦਾ ਮਜ਼ਬੂਤ ਨਹੀਂ ਹੈ।

ਇੱਕ ਬੂਸਟਰ ਖੁਰਾਕ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਜਾਂ ਸੁਧਾਰਨ ਲਈ ਦਿੱਤੀ ਜਾਂਦੀ ਹੈ, ਜੱਦ ਸਮੇਂ ਦੇ ਨਾਲ ਸ਼ੁਰੂਆਤੀ ਵੈਕਸੀਨ ਸੀਰੀਜ਼ ਅਤੇ/ਜਾਂ ਇਮਿਊਨਿਟੀ ਘੱਟ ਜਾਂਦੀ ਹੈ।

### ਕਿਹੜੀਆਂ ਬੁਨਿਆਦੀ ਮੈਡੀਕਲ ਸਥਿਤੀਆਂ ਤੁਹਾਨੂੰ COVID-19 ਕਾਰਨ ਗੰਭੀਰ ਬਿਮਾਰ ਹੋਣ ਦੇ ਵਧੇਰੇ ਜੋਖਮ ਵਿੱਚ ਪਾਉਂਦੀਆਂ ਹਨ?

ਹੇਠਾਂ ਸੂਚੀਬੱਧ ਸਥਿਤੀਆਂ ਵਾਲੇ ਲੋਕਾਂ, ਭਾਵੇਂ ਕਿਸੇ ਵੀ ਉਮਰ ਦੇ ਹੋਣ, ਉਹਨਾਂ ਦੀ COVID-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।

COVID-19 ਵੈਕਸੀਨ (ਸ਼ੁਰੂਆਤੀ ਖੁਰਾਕਾਂ ਅਤੇ ਬੂਸਟਰ) ਅਤੇ COVID-19 ਦੀ ਰੋਕਥਾਮ ਦੇ ਹੋਰ ਉਪਾਅ ਮਹੱਤਵਪੂਰਨ ਹਨ, ਖਾਸ ਤੌਰ 'ਤੇ ਜੇਕਰ ਤੁਸੀਂ ਬਜ਼ੁਰਗ ਹੋ ਜਾਂ ਤੁਸੀਂ ਇਸ ਸੂਚੀ ਵਿੱਚ ਦਿੱਤੀਆਂ ਸਥਿਤੀਆਂ ਜਾਂ ਸਿਹਤ ਸੰਬੰਧੀ ਗੰਭੀਰ ਸ਼ਿਕਾਇਤਾਂ ਨਾਲ ਪੀੜਤ ਹੋ। ਇਸ ਸੂਚੀ ਵਿੱਚ ਉਹ ਸਾਰੀਆਂ ਸਥਿਤੀਆਂ ਸ਼ਾਮਲ ਨਹੀਂ ਹਨ ਜੋ ਤੁਹਾਨੂੰ COVID-19 ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਵਧੇਰੇ ਜੋਖਮ ਵਿੱਚ ਪਾਉਂਦੀਆਂ ਹਨ। ਜੇਕਰ ਤੁਹਾਡੀ ਮੈਡੀਕਲ ਸਥਿਤੀ ਇਸ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੀ ਮੈਡੀਕਲ ਸਥਿਤੀ ਨੂੰ ਕਿਵੇਂ ਸੰਭਾਲਿਆ ਜਾ ਸਕਦਾ ਹੈ ਅਤੇ ਤੁਹਾਨੂੰ COVID-19 ਤੋਂ ਕਿਵੇਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

- ਕੈਂਸਰ
- ਪੁਰਾਣੀ ਗੁਰਦੇ ਦੀ ਬਿਮਾਰੀ
- ਪੁਰਾਣੀ ਲੀਵਰ ਦੀ ਬਿਮਾਰੀ
- ਪੁਰਾਣੀਆਂ ਫੇਫੜਿਆਂ ਦੀਆਂ ਬਿਮਾਰੀਆਂ
- ਡਿਮੇਨਸ਼ੀਆ ਜਾਂ ਹੋਰ ਨਿਊਰੋਲਾਜਿਕਲ ਸਥਿਤੀਆਂ
- ਡਾਇਬੀਟੀਜ਼ (ਟਾਈਪ 1 ਜਾਂ 2)
- ਡਾਊਨ ਸਿੰਡਰੋਮ
- ਦਿਲ ਦੀਆਂ ਬਿਮਾਰੀਆਂ
- HIV ਇੰਫ਼ੈਕਸ਼ਨ
- ਇਮਯੂਨੋਕੌਮਪ੍ਰੋਮਾਈਜ਼ਡ ਸਥਿਤੀ (ਕਮਜ਼ੋਰ ਇਮਿਊਨ ਸਿਸਟਮ)
- ਮਾਨਸਿਕ ਸਿਹਤ ਦੀਆਂ ਸਥਿਤੀਆਂ
- ਵੱਧ ਭਾਰ ਅਤੇ ਮੋਟਾਪਾ
- ਗਰਭ ਅਵਸਥਾ
- ਸਿਕਲ ਸੈੱਲ ਰੋਗ ਜਾਂ ਥੈਲੇਸੀਮੀਆ
- ਤਮਾਕੂਨੋਸ਼ੀ, ਮੌਜੂਦਾ ਜਾਂ ਸਾਬਕਾ
- ਸਰੀਰ ਦੇ ਅੰਗ ਜਾਂ ਬਲੱਡ ਸਟੈਮ ਸੈੱਲ ਦਾ ਟ੍ਰਾਂਸਪਲਾਂਟ
- ਸਟ੍ਰੋਕ ਜਾਂ ਸੈਰਿਬ੍ਰੋਵੈਸਕੁਲਰ ਬਿਮਾਰੀ, ਜੋ ਦਿਮਾਗ ਨੂੰ ਖੂਨ ਦੇ ਪ੍ਰਵਾਹ ਨੂੰ ਪ੍ਰਭਾਵਿਤ ਕਰਦੀ ਹੈ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ
- ਟਿਊਬਰਕੁਲੋਸਿਸ

### ਨਵੀਨਤਮ/ਬਾਈਵੇਲੈਂਟ ਬੂਸਟਰ ਕੀ ਹੁੰਦਾ ਹੈ?

ਨਵੀਨਤਮ/ਬਾਇਵੈਲੈਂਟ COVID-19 ਬੂਸਟਰ ਇੱਕ ਵੈਕਸੀਨ ਫਾਰਮੂਲਾ ਹੈ ਜੋ ਦੋਨੋਂ ਮੂਲ ਕੋਰੋਨਵਾਇਰਸ ਰੂਪ ਦੇ ਵਿਰੁੱਧ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਨਵੇਂ ਰੂਪਾਂ ਤੋਂ ਵੀ ਬਚਾਉਂਦਾ ਹੈ ਜੋ ਜ਼ਿਆਦਾਤਰ ਮੌਜੂਦਾ ਮਾਮਲਿਆਂ ਲਈ ਜ਼ਿੰਮੇਵਾਰ ਹਨ। ਨਵੀਨਤਮ ਬੂਸਟਰਾਂ ਦਾ ਉਦੇਸ਼ ਵਾਇਰਸ ਦੇ ਵਿਰੁੱਧ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਨਾ ਅਤੇ ਸਮੇਂ ਦੇ ਨਾਲ ਵੈਕਸੀਨ ਦੀ ਘਟਦੀ ਪ੍ਰਭਾਵਸ਼ੀਲਤਾ ਨੂੰ ਮੁੜ ਕਾਇਮ ਕਰਨਾ ਹੈ।

### ਜਿਹਨਾਂ ਲੋਕਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੁੰਦੀ ਹੈ, ਕੀ ਉਹਨਾਂ ਨੂੰ ਇਹ ਖੁਰਾਕਾਂ ਪ੍ਰਾਪਤ ਕਰਨ ਲਈ ਡਾਕਟਰ ਦੇ ਨੋਟ/ਪਰਚੀ ਜਾਂ ਹੋਰ ਦਸਤਾਵੇਜ਼ਾਂ ਦੀ ਲੋੜ ਪਵੇਗੀ?

ਨਹੀਂ, ਲੋਕ ਸਵੈ-ਇੱਛਾ ਨਾਲ ਅੱਗੇ ਆ ਸਕਦੇ ਹਨ ਅਤੇ ਜਿੱਥੇ ਵੀ ਵੈਕਸੀਨ ਉਪਲਬਧ ਹੈ ਉੱਥੋਂ ਸਾਰੀਆਂ ਖੁਰਾਕਾਂ ਪ੍ਰਾਪਤ ਕਰ ਸਕਦੇ ਹਨ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਵੈਕਸੀਨ ਪ੍ਰਾਪਤ ਕਰਨ ਲਈ ਲੋਕਾਂ ਨੂੰ ਕੋਈ ਰੁਕਾਵਟ ਨਾ ਆਵੇ। ਜੇਕਰ ਕਮਜ਼ੋਰ ਇਮਿਊਨਿਟੀ ਵਾਲੇ ਵਿਅਕਤੀਆਂ ਦੇ ਆਪਣੀ ਮੈਡੀਕਲ ਸਥਿਤੀ ਬਾਰੇ ਸਵਾਲ ਹਨ, ਤਾਂ ਉਹ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲਬਾਤ ਕਰ ਸਕਦੇ ਹਨ ਕਿ ਵਾਧੂ ਖੁਰਾਕ ਲੈਣਾ ਉਹਨਾਂ ਦੇ ਲਈ ਸਹੀ ਹੈ ਜਾਂ ਨਹੀਂ।

### ਜੇਕਰ ਮੈਨੂੰ COVID-19 ਵੈਕਸੀਨ ਲੱਗ ਜਾਂਦੀ ਹੈ ਤਾਂ ਕੀ ਮੈਨੂੰ ਫਿਰ ਵੀ ਸਾਵਧਾਨੀਆਂ ਵਰਤਣੀਆਂ ਪੈਣਗੀਆਂ?

ਹਾਂ, ਜੇ ਤੁਸੀਂ ਵੈਕਸੀਨ ਲਗਵਾ ਵੀ ਲੈਂਦੇ ਹੋ, ਤਾਂ ਵੀ ਤੁਹਾਨੂੰ ਕੁਝ ਜਨਤਕ ਇਨਡੋਰ ਥਾਂਵਾਂ 'ਤੇ ਮਾਸਕ ਪਹਿਨਣ ਦੀ ਲੋੜ ਪੈ ਸਕਦੀ ਹੈ। ਸਾਡੇ *ਮਾਸਕ ਅਤੇ ਫੇਸ ਕਵਰਿੰਗ ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ ਪੰਨੇ* (ਅੰਗਰੇਜ਼ੀ ਵਿੱਚ) 'ਤੇ ਹੋਰ ਜਾਣਕਾਰੀ ਪ੍ਰਾਪਤ ਕਰੋ। ਅਸੀਂ ਇਹ ਵੀ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਹੱਥਾਂ ਨੂੰ ਅਕਸਰ ਧੋਵੋ, 6 ਫੁੱਟ (2 ਮੀਟਰ) ਦੀ ਦੂਰੀ ਬਣਾ ਕੇ ਰੱਖੋ ਅਤੇ ਜ਼ਿਆਦਾ ਇਕੱਠ ਨਾ ਕਰੋ ਜਾਂ ਭੀੜ ਵਿੱਚ ਨਾ ਜਾਓ।

COVID-19 ਦੀਆਂ ਵੈਕਸੀਨਾਂ ਵਧੀਆ ਕੰਮ ਕਰਦੀਆਂ ਹਨ, ਪਰ ਇਹ 100% ਪ੍ਰਭਾਵਸ਼ਾਲੀ ਨਹੀਂ ਹਨ। ਵੈਕਸੀਨ ਲਗਵਾਉਣ ਦੇ ਬਾਵਜੂਦ ਕੁਝ ਲੋਕਾਂ ਨੂੰ COVID-19 ਹੋ ਸਕਦਾ ਹੈ। ਵਾਇਰਸ ਦੇ ਵਧੇਰੇ ਫੈਲਣ ਵਾਲੇ ਰੂਪਾਂ ਦੇ ਵਧਣ ਕਾਰਨ, ਇਹ ਜ਼ਰੂਰੀ ਹੈ ਕਿ ਸਾਰੇ ਲੋਕ ਵਾਇਰਸ ਦੇ ਫੈਲਾਅ ਨੂੰ ਘਟਾਉਣ ਲਈ ਮਾਸਕ ਪਹਿਨਣ ਵਰਗੀਆਂ ਸਾਵਧਾਨੀਆਂ ਵਰਤਣ।

**ਕੋਈ ਹੋਰ ਸਵਾਲ ਹਨ? ਇੱਥੇ ਜਾਓ:** ***doh.wa.gov/covidbooster***

Washington State Department of Health

DOH 825-064 December 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।